# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 30 ਅਪ੍ਰੈਲ 2025 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਲਿਬਰਲ ਪਾਰਟੀ ਨੇ 169 ਅਤੇ ਕਸਰੰਵੇਟਿਵ ਨੇ 144 ਸੀਟਾਂ 'ਤੇ ਜਿੱਤ/ਲੀਡ ਹਾਸਲ ਕੀਤੀ

### 22 ਪੰਜਾਬੀ ਉਮੀਦਵਾਰਾਂ ਨੇ ਸਫਲਤਾ ਨੂੰ ਚੁੰਮਿਆਂ- 6 ਗਿੱਲਾਂ ਨੇ ਜਿੱਤ ਦਾ ਡੰਕਾ ਵਜਾਇਆ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 30 ਅਪ੍ਰੈਲ : ਕੈਨੇਡਾ ਵਿਚ 28 ਅਪ੍ਰੈਲ ਨੂੰ ਹੋਈਆਂ ਫੈਡਰਲ ਚੋਣਾਂ ਵਿਚ ਲਿਬਰਲ ਪਾਰਟੀ ਨੇ 169 ਸੀਟਾਂ ਤੇ ਜਿੱਤ/ਲੀਡ ਹਾਸਲ ਕਰ ਲਈ ਹੈ, ਕਸਰੰਵੇਟਿਵ ਦੇ 144, ਕਿਊਬਿਕ ਦੇ 22, ਐਨ.ਡੀ.ਪੀ. ਦੇ 7 ਅਤੇ ਗਰੀਨ ਪਾਰਟੀ ਦੇ 1 ਉਮੀਵਾਰ ਨੂੰ ਸਫਲਤਾ ਮਿਲੀ ਹੈ। ਇਲੈਕਸ਼ਨਜ਼ ਕੈਨੇਡਾ ਵੱਲੋਂ ਦਰਸਾਈ ਜਾ ਰਹੀ ਤਾਜ਼ਾ ਸਥਿਤੀ ਅਨਸਾਰ ਇਸ ਵਾਰ 22 ਪੰਜਾਬੀ ਉਮੀਦਵਾਰਾਂ ਨੇ ਸਫਲਤਾ ਨੂੰ ਚੁੰਮਿਆਂ ਹੈ ਜਦੋਂ ਕਿ 2021 ਵਿਚ ਹੋਈਆਂ ਚੋਣਾਂ ਵਿਚ 15 ਪੰਜਾਬੀ ਉਮੀਦਵਾਰ ਪਾਰਲੀਮੈਂਟ ਵਿਚ ਪਹੁੰਚੇ ਸਨ। ਚੁਣੇ ਗਏ 22 ਉਮੀਦਵਾਰਾਂ ਵਿੱਚ ਲਿਬਰਲ ਪਾਰਟੀ ਦੇ 12 ਅਤੇ ਕੰਸਰਵੇਟਿਵ ਪਾਰਟੀ ਦੇ 10 ਉਮੀਦਵਾਰ ਸ਼ਾਮਲ ਹਨ। ਇਹਨਾਂ ਵਿੱਚੋਂ 11 ਉਮੀਦਵਾਰ ਓਨਟਾਰੀਓ ਸੂਬੇ ਨਾਲ ਸਬੰਧਤ ਹਨ, 5 ਬੀ.ਸੀ. ਨਾਲ, 5 ਅਲਬਰਟਾ ਨਾਲ ਸਬੰਧਤ ਹਨ ਅਤੇ ਇਕ ਉਮੀਦਵਾਰ ਕਿਊਬਿਕ ਨਾਲ ਸੰਬਧਤ ਹੈ।

ਓਨਟਾਰੀਓ ਸੂਬੇ ਤੋਂ ਲਿਬਰਲ ਪਾਰਟੀ ਦੇ ਜਿੱਤ ਹਾਸਲ ਕਰਨ ਵਾਲੇ ਪੰਜਾਬੀਆਂ ਵਿਚ ਹਲਕਾ ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ ਨੇ ਕੰਸਰਵੇਟਿਵ ਪਾਰਟੀ ਦੇ ਸੁਖਦੀਪ ਕੰਗ ਨੂੰ ਹਰਾਇਆ। ਬਰੈਂਪਟਨ ਸੈਂਟਰ ਤੋਂ ਅਮਨਦੀਪ ਸੋਢੀ ਨੇ ਤਰਨ ਚਾਹਲ ਨੂੰ ਹਰਾਇਆ, ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ ਨੇ ਬੌਬ ਦੋਸਾਂਝ ਨੂੰ, ਬਰੈਂਪਟਨ ਨੌਰਥ ਕੇਲਡੋਨ ਤੋਂ ਰੂਬੀ ਸਹੋਤਾ ਨੇ ਅਮਨਦੀਪ ਜੱਜ ਨੂੰ, ਵਾਟਰਲੂ ਤੋਂ ਬਰਦੀਸ਼ ਚੱਗੜ ਨੇ ਵਸੀਮ ਬੋਟਰੋਸ ਨੂੰ, ਮਿਸੀਸਾਗਾ ਮਾਲਟਨ ਤੋਂ ਇਕਵਿੰਦਰ ਸਿੰਘ ਗਹੀਰ ਨੇ ਜਸਪ੍ਰੀਤ ਸੰਧੂ ਨੂੰ, ਓਕਵਿੱਲੇ ਈਸਟ ਤੋਂ ਅਨੀਤਾ ਅਨੰਦ ਨੇ ਰੌਨ ਸ਼ਿੰਜ਼ਰ ਨੂੰ ਮਾਤ ਦਿੱਤੀ।

ਬੀ.ਸੀ. ਸੂਬੇ ਵਿਚ ਸਰੀ ਨਿਊਟਨ ਹਲਕੇ ਤੋਂ ਲਿਬਰਲ ਆਗੂ ਸੁਖ ਧਾਲੀਵਾਲ ਪੰਜਵੀਂ ਵਾਰ ਚੋਣ ਜਿੱਤੇ। ਉਨ੍ਹਾਂ ਆਪਣੇ ਵਿਰੋਧੀ ਕੰਸਰਵੇਟਿਵ ਹਰਜੀਤ ਸਿੰਘ ਗਿੱਲ ਨੂੰ ਹਰਾਇਆ। ਇਸੇ ਤਰਾਂ ਸਰੀ ਸੈਂਟਰ ਤੋਂ ਲਿਬਰਲ ਆਗੂ ਰਣਦੀਪ ਸਿੰਘ ਸਰਾਏ ਨੇ ਲਗਾਤਾਰ ਚੌਥੀ ਵਾਰ ਜਿੱਤ ਹਾਸਲ ਕੀਤੀ ਅਤੇ ਉਨ੍ਹਾਂ ਕੰਸਰਵੇਟਿਵ ਉਮੀਦਵਾਰ ਰਾਜਵੀਰ ਸਿੰਘ ਢਿੱਲੋਂ ਨੂੰ ਮਾਤ ਦਿੱਤੀ। ਫਲੀਟਵੁੱਡ ਪੋਰਟਕੈਲਿਸ ਹਲਕੇ ਤੋਂ ਲਿਬਰਲ ਗੁਰਬਖਸ਼ ਸੈਣੀ ਨੇ ਸੁਖ ਪੰਧੇਰ ਨੂੰ, ਰਿਚਮੰਡ ਈਸਟ ਸਟੀਵਸਟਨ ਤੋਂ ਲਿਬਰਲ ਪਰਮ ਬੈਂਸ ਨੇ ਜ਼ੈਚ ਸੀਗਲ ਨੂੰ ਹਰਾਇਆ।

ਕਿਊਬਿਕ ਤੋਂ ਸਫਲ ਹੋਏ ਇੱਕੋ ਇਕ ਪੰਜਾਬੀ ਲਿਬਰਲ ਆਗੂ ਅੰਜੂ ਢਿੱਲੋਂ ਨੇ ਆਪਣੇ ਵਿਰੋਧੀ ਕੰਸਰਵੇਟਿਵ ਦੇ ਐਨੀਓਨੀ ਸਾਰ ਨੂੰ ਵੱਡੇ ਫਰਕ ਨਾਲ ਹਰਾਇਆ।

ਓਨਟਾਰੀਓ ਤੋਂ ਕੰਸਰਵੇਟਿਵ ਪਾਰਟੀ ਦੇ ਜਿੱਤਣ ਵਾਲੇ ਆਗੂਆਂ ਵਿਚ ਬਰੈਂਪਟਨ ਵੈਸਟ ਤੋਂ ਅਮਰਜੀਤ ਗਿੱਲ ਨੇ ਮੰਤਰੀ ਰਹੇ ਕਮਲ ਖਹਿਰਾ ਨੂੰ ਹਰਾਇਆ। ਇਸੇ ਤਰਾਂ ਵਿੰਡਸਰ ਵੈਸਟ ਤੋਂ ਹਰਬ ਗਿੱਲ ਨੇ ਰਿਚਰਡ ਪੂਲੋਕ ਨੂੰ, ਮਿਲਟਨ ਈਸਟ –ਹਾਲਟਨ ਹਿੱਲਜ਼ ਸਾਊਥ ਤੋਂ ਪਰਮ ਗਿੱਲ ਨੇ ਕ੍ਰਿਸਟੀਨ ਟੈਸਰ ਡੈਕਸੇਨ ਨੂੰ, ਔਕਸਫੋਰਡ ਤੋਂ ਅਰਪਨ ਖੰਨਾ ਨੇ ਡੇਵਿਡ ਹਿਡਰਲੇ ਨੂੰ ਹਰਾਇਆ।

ਅਲਬਰਟਾ ਸੂਬੇ ਵਿਚ ਕੈਲਗਰੀ ਈਸਟ ਹਲਕੇ ਤੋਂ ਜਸਰਾਜ ਸਿੰਘ ਹੱਲਣ ਨੇ ਪ੍ਰੀਤੀ ਓਬਰਾਏ ਮਾਰਟਿਨ ਨੂੰ ਮਾਤ ਦਿੱਤੀ, ਕੈਲਗਰੀ ਸਕਾਈਵਿਊ ਤੋਂ ਦਲਵਿੰਦਰ ਗਿੱਲ ਨੇ ਜੌਰਜ ਚਾਹਲ ਨੂੰ, ਅਡਮਿੰਟਨ ਸਾਊਥ ਈਸਟ ਤੋਂ ਜਗਸ਼ਰਨ ਸਿੰਘ ਮਾਹਲ ਨੇ ਮੇਅਰ ਅਮਰਜੀਤ ਸੋਹੀ ਨੂੰ ਅਤੇ ਅਡਮਿੰਟਨ ਗੇਟਵੇਅ ਤੋਂ ਟਿਮ ਉੱਪਲ ਨੇ ਹੇਰੇਮੀ ਹੋਫਸਲੂਟ ਨੂੰ ਹਰਾ ਕੇ ਸਫਲਤਾ ਹਾਸਲ ਕੀਤੀ। ਬੀ.ਸੀ. ਸੂਬੇ ਤੋਂ ਇੱਕੋ ਇਕ ਪੰਜਾਬੀ ਕੰਸਰਵੇਟਿਵ ਨੌਜਵਾਨ ਸੁਖਮਨ ਸਿੰਘ ਗਿੱਲ ਨੇ ਕੇਵਿਨ ਮਿਲੀਜ਼ ਨੂੰ ਹਰਾਇਆ।

ਇਹਨਾਂ ਚੋਣਾਂ ਵਿਚ ਦਿਲਚਸਪ ਗੱਲ ਇਹ ਰਹੀ ਕਿ ਗਿੱਲ ਗੋਤ ਨਾਲ ਸਬੰਧਤ 6 ਪੰਜਾਬੀਆਂ ਨੇ ਜਿੱਤ ਦਾ ਬਿਗਲ ਵਜਾ ਦਿੱਤਾ। ਇਹ ਸਾਰੇ ਕੰਸਰਵੇਟਿਵ ਪਾਰਟੀ ਨਾਲ ਸਬੰਧਤ ਹਨ। ਸਫਲ ਹੋਏ ਗਿੱਲਾਂ ਵਿਚ ਓਨਟਾਰੀਓ ਤੋਂ ਅਮਰਜੀਤ ਗਿੱਲ, ਹਰਬ ਗਿੱਲ ਤੇ ਪਰਮ ਗਿੱਲ ਸ਼ਾਮਲ ਹਨ, ਦਲਵਿੰਦਰ ਗਿੱਲ ਤੇ ਅਮਨਪ੍ਰੀਤ ਸਿੰਘ ਗਿੱਲ ਕੈਲਗਰੀ ਤੋਂ ਸਫਲ ਹੋਏ ਹਨ ਅਤੇ ਸੁਖਮਨ ਸਿੰਘ ਗਿੱਲ ਬੀ.ਸੀ. ਸੂਬੇ ਤੋਂ ਚੋਣ ਜਿੱਤੇ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਹਨਾਂ ਚੋਣਾਂ ਵਿਚ ਵੱਖ ਵੱਖ ਪਾਰਟੀਆਂ ਤੋਂ 68 ਪੰਜਾਬੀ ਮੈਦਾਨ ਵਿਚ ਨਿੱਤਰੇ ਸਨ ਪਰ ਸਫਲਤਾ 22 ਨੂੰ ਹੀ ਨਸੀਬ ਹੋਈ ਹੈ। ਚੋਣ ਹਾਰਨ ਵਾਲੇ ਪ੍ਰਮੁੱਖ ਪੰਜਾਬੀਆਂ ਵਿਚ ਐਨ.ਡੀ.ਪੀ. ਆਗੂ ਜਗਮੀਤ ਸਿੰਘ, ਅਮਰਜੀਤ ਸੋਹੀ, ਕਮਲ ਖਹਿਰਾ ਅਤੇ ਬੌਬ ਦੋਸਾਂਝ ਸਾਮਲ ਹਨ।

## 'ਆਕਸਫੋਰਡ ਦੇ ਵਿਹੜੇ 'ਚ ਮਨਾਇਆ ਗਿਆ 'ਵਿਸ਼ਵ ਡਾਂਸ ਦਿਵਸ'

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ/ਬਾਜਾਖਾਨਾ, 30 ਅਪ੍ਰੈਲ : 'ਦਾ ਆਕਸਫੋਰਡ ਸਕੂਲ ਆਫ਼ ਐਜੁਕੇਸ਼ਨ ਭਗਤਾ ਭਾਈਕਾ' ਇੱਕ ਅਜਿਹੀ ਵਿੱਦਿਅਕ ਸੰਸਥਾ ਹੈ, ਜੋ ਕਿ ਵਿਦਿਆਰਥੀਆਂ ਦੇ ਵਿੱਦਿਅਕ ਪੱਖ ਵੱਲ ਹੀ ਨਹੀਂ, ਬਲਕਿ ਉਹਨਾਂ ਨਾਲ ਜੁੜੀਆਂ ਹਰ ਕਿਰਿਆਤਮਕ ਗਤੀਵਿਧੀਆਂ ਵੱਲ ਵੀ ਧਿਆਨ ਦਿੰਦੀ ਹੈ। ਇਸ ਸੰਸਥਾ ਵਿੱਚ ਉਹ ਹਰ ਦਿਵਸ ਮਨਾਇਆ ਜਾਂਦਾ ਹੈ ਜੋ ਵਿਦਿਆਰਥੀਆਂ ਦੀਆਂ ਕਿਰਿਆਤਮਕ ਰੁਚੀਆਂ ਨੂੰ ਵੀ ਉਜਾਗਰ ਕਰ ਸਕਦਾ ਹੋਵੇ। ਇਸ ਸੰਸਥਾ ਵਿੱਚ "ਵਿਸ਼ਵ ਡਾਂਸ ਦਿਵਸ (ਵਰਲਡ ਡਾਂਸ ਡੇਅ) ਨੂੰ ਵੀ ਵਿਸ਼ੇਸ ਤੌਰ 'ਤੇ ਮਨਾਇਆ ਗਿਆ। ਸਵੇਰ ਦੀ ਸਭਾ ਦੌਰਾਨ ਹੀ ਸ਼ੁਰੂ ਹੋਏ ਇਸ ਪ੍ਰੋਗਰਾਮ ਦਾ ਆਰੰਭ "ਸ਼ਬਦ" ਗਾਇਨ ਨਾਲ ਹੋਇਆ। ਇਸ ਤੋਂ ਬਾਅਦ ਇੰਟਰ ਹਾਊਸ ਡਾਂਸ ਮੁਕਾਬਲੇ ਸ਼ੁਰੂ ਹੋਏ। ਇਸ ਸਮੇਂ ਸਕੂਲ ਦੇ ਬਲਿਊ ਹਾਊਸ, ਗ੍ਰੀਨ ਹਾਊਸ, ਰੈੱਡ ਹਾਊਸ







ਅਤੇ ਯੈਲੋ ਹਾਊਸ ਵੱਲੋਂ ਭਾਰਤ ਦੇ ਵੱਖ-ਵੱਖ ਲੋਕ ਨਾਚਾਂ ਨੂੰ ਪੇਸ਼ ਕੀਤਾ ਗਿਆ। ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੀ ਦਿਲ ਖਿੱਚਵਾਂ ਡਾਂਸ ਪੇਸ਼ ਕੀਤਾ ਗਿਆ। ਭਾਰਤ ਦੇ ਵੱਖ-ਵੱਖ ਰਾਜਾਂ ਦੀ ਪੁਸ਼ਾਕ ਵਿੱਚ ਸਜੀਆਂ–ਧਜੀਆਂ ਮੁਟਿਆਰਾਂ ਸੱਭਿਆਚਾਰ ਦੀ ਜਿਉਂਦੀ ਜਾਗਦੀ ਤਸਵੀਰ ਲੱਗ ਰਹੀਆਂ ਸਨ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਹਰ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਕਿਰਿਆਤਮਕ ਰੁਚੀ ਦਾ ਹਿੱਸਾ ਬਣਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਅਜਿਹੀਆਂ ਰੁਚੀਆਂ ਵੀ ਸਾਡੀ ਬੁੱਧੀ ਨੂੰ ਬਲਵਾਨ ਬਣਾਉਂਦੀਆਂ ਹਨ। ਜ਼ਿਕਰਯੋਗ ਹੈ ਕਿ ਜੱਜ ਕਮੇਟੀ ਦੀ ਭੂਮਿਕਾ ਸਕੂਲ ਦੇ ਕੁਆਰਡੀਨੇਟਰਜ਼ ਵੱਲੋਂ ਨਿਭਾਈ ਗਈ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਬੱਚਿਆਂ ਦੀ ਕਲਾ ਤੇ ਉਨ੍ਹਾਂ ਤਾਰੀਫ਼ ਕਰਦਿਆਂ ਇਸੇ ਤਰ੍ਹਾਂ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈਂਦੇ ਰਹਿਣ ਲਈ ਹੱਲਾਸ਼ੇਰੀ ਦਿੱਤੀ।

## ਸੰਤ ਬਾਬਾ ਫ਼ਰੀਦ ਆਰਟ ਸੁਸਾਇਟੀ ਵੱਲੋਂ ਕਲਾ ਸਬੰਧੀ ਪ੍ਰੋਗਰਾਮ 'ਵਿਚਾਰ-ਵਟਾਂਦਰਾ' ਦਾ ਸਫ਼ਲ ਆਯੋਜਨ

### ਪ੍ਰੀਤ ਭਗਵਾਨ ਜ਼ਿਲ੍ਹਾ ਅਤੇ ਇਕਬਾਲ ਕਲਸੀ ਸਬ-ਕੋਆਰਡੀਨੇਟਰ ਨਿਯੁਕਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 30 ਅਪ੍ਰੈਲ : ਪੰਜਾਬ ਆਰਟ ਕੌਂਸਲ ਅਤੇ ਪੰਜਾਬ ਲਲਿਤ ਕਲਾ ਅਕਾਦਮੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੰਤ ਬਾਬਾ ਫ਼ਰੀਦ ਆਰਟ ਸੋਸਾਇਟੀ ਵੱਲੋਂ ਮਾਲਵੇ ਖ਼ਾਸ ਕਰਕੇ ਫ਼ਰੀਦਕੋਟ ਦੇ ਕਲਾਕਾਰਾਂ ਨਾਲ ਕਲਾ ਸਬੰਧੀ ਸੰਵਾਦ ਰਚਾਉਣ ਲਈ ਇੱਕ ਵਿਸ਼ੇਸ਼ ਸਮਾਗਮ 'ਵਿਚਾਰ-ਵਟਾਂਦਰਾ' ਕੋਟਕਪੂਰਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਆਰਟ ਸੁਸਾਇਟੀ ਦੇ ਪ੍ਰਧਾਨ ਪ੍ਰੀਤ ਭਗਵਾਨ ਸਿੰਘ ਨੇ ਦੱਸਿਆ ਕਿ ਪੰਜਾਬ ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਗੁਰਦੀਪ ਧੀਮਾਨ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਥਾਨਕ ਬੀ.ਪੀ.ਈ.ਓ. ਦਫ਼ਤਰ ਹਾਲ ਵਿਖੇ ਕਰਵਾਏ ਗਏ ਇਸ ਸਫ਼ਲ ਸਮਾਗਮ ਦੌਰਾਨ ਮੰਚ-ਸੰਚਾਲਨ ਦੀ ਭੂਮਿਕਾ ਪੰਜਾਬੀ ਸ਼ਾਇਰ ਕੁਲਵਿੰਦਰ ਵਿਰਕ ਨੇ ਨਿਭਾਈ। ਸੋਸਾਇਟੀ ਦੇ ਪ੍ਰਧਾਨ ਪ੍ਰੀਤ ਭਗਵਾਨ ਸਿੰਘ ਨੇ ਸਭ ਮਹਿਮਾਨਾ ਅਤੇ ਸਰੋਤਿਆਂ ਨੂੰ ਜੀ




ਆਇਆਂ ਆਖਦਿਆਂ ਆਰਟ ਸੋਸਾਇਟੀ ਦੁਆਰਾ ਕਲਾ ਨੂੰ ਪ੍ਰਫ਼ੁੱਲਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਪੇਂਟਿੰਗ ਵਰਗੀ ਸੂਖ਼ਮ ਕਲਾ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰਸਿੱਧ ਸਮਾਜਸੇਵੀ ਪੱਤਰਕਾਰ ਅਤੇ ਸ਼ਬਦ ਸਾਂਝ ਮੰਚ ਦੇ ਸਰਪ੍ਰਸਤ ਗੁਰਿੰਦਰ ਸਿੰਘ ਕੋਟਕਪੂਰਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸੰਤ ਬਾਬਾ ਫਰੀਦ ਆਰਟ ਸੁਸਾਇਟੀ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਗੁਰਦੀਪ ਧੀਮਾਨ ਨੇ ਪੰਜਾਬ ਲਲਿਤ ਕਲਾ ਅਕਾਦਮੀ ਚੰਡੀਗੜ੍ਹ ਨੇ ਕਲਾ ਨੂੰ ਪ੍ਰਫ਼ੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਕਲਾ ਦੇ ਜ਼ਿੰਦਗੀ ਵਿੱਚ ਮਹੱਤਵ, ਆਪਣੇ ਗਿਆਨ ਅਤੇ ਤਜ਼ਰਬੇ ਨੂੰ ਵੀ ਇਲਾਕੇ ਦੇ ਕਲਾਕਾਰਾਂ ਅਤੇ ਸਰੋਤਿਆਂ ਨਾਲ ਸਾਂਝਾ ਕੀਤਾ। ਇਸ ਮੌਕੇ ਇਲਾਕੇ ਦੇ ਕਲਾਕਾਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਅਤੇ ਚੁਣੌਤੀਆਂ ਨੂੰ ਉਹਨਾਂ ਨੇ ਧਿਆਨ ਨਾਲ ਸੁਣਿਆ ਅਤੇ ਇਹਨਾਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿਵਾਇਆ। ਇਸ ਮੌਕੇ ਉਨਾਂ ਨੇ ਪੰਜਾਬ ਲਲਿਤ ਕਲਾ ਅਕਾਦਮੀ, ਚੰਡੀਗੜ੍ਹ ਦੁਆਰਾ ਪ੍ਰਸਿੱਧ ਚਿੱਤਰਕਾਰ ਪ੍ਰੀਤ ਭਗਵਾਨ ਸਿੰਘ ਨੂੰ ਆਰਟ ਨੂੰ ਹੋਰ ਪ੍ਰਫ਼ੁੱਲਤ ਕਰਨ ਦੇ ਮਕਸਦ ਤਹਿਤ ਫ਼ਰੀਦਕੋਟ ਜ਼ਿਲ੍ਹੇ ਦਾ ਕੋਆਰਡੀਨੇਟਰ ਅਤੇ ਇਕਬਾਲ ਕਲਸੀ ਨੂੰ ਸਬ-ਕੋਆਰਡੀਨੇਟਰ ਨਿਯੁਕਤ ਕੀਤਾ। ਸਮੂਹ ਹਾਜ਼ਰੀਨ ਵਲੋਂ ਇਹਨਾਂ ਦੋਵਾਂ ਕਲਾਕਾਰਾਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਵੱਖ-ਵੱਖ ਚਿੱਤਰਕਾਰਾਂ, ਬੁੱਤ-ਤਰਾਸ਼ਾਂ ਅਤੇ ਹੋਰ ਸੂਖ਼ਮ ਕਲਾਵਾਂ ਨਾਲ ਜੁੜੇ ਕਲਾਕਾਰਾਂ ਵੱਲੋਂ ਵੱਖ-ਵੱਖ ਸਵਾਲ ਕੀਤੇ ਗਏ, ਜਿੰਨ੍ਹਾਂ ਦੇ ਜਵਾਬ ਗੁਰਦੀਪ ਧੀਮਾਨ ਨੇ ਬੜੇ ਹੀ ਸਹਿਜ ਅਤੇ ਵਿਸਥਾਰਪੂਰਵਕ ਦਿੱਤੇ। ਸਾਰੇ ਆਰਟਿਸਟਾਂ ਨੇ ਸਮੂਹਿਕ ਰੂਪ ਵਿੱਚ ਸਕੂਲਾਂ ਵਿੱਚੋਂ ਖ਼ਤਮ ਹੋ ਰਹੀਆਂ ਆਰਟ ਐਂਡ ਕਰਾਫ਼ਟ ਅਧਿਆਪਕਾਂ ਦੀਆਂ ਪੋਸਟਾਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਇਸ ਤੋਂ ਇਲਾਵਾ ਫ਼ਰੀਦਕੋਟ ਦੇ ਸੱਭਿਆਚਾਰਕ ਕੇਂਦਰ ਵਿੱਚ ਜ਼ਿਲ੍ਹਾ-ਪ੍ਰਸ਼ਾਸਨ ਅੱਗੇ ਇਲਾਕੇ ਦੇ ਆਰਟਿਸਟਾਂ ਲਈ ਇੱਕ ਆਰਟ ਗੈਲਰੀ ਦਾ ਪ੍ਰਬੰਧ ਕਰਨ ਦੀ ਮੰਗ ਰੱਖੀ ਗਈ, ਜਿੱਥੇ ਇਲਾਕੇ ਦੇ ਕਲਾਕਾਰ ਬੈਠ ਕੇ ਆਪਣੀਆਂ ਕਲਾਕ੍ਰਿਤਾਂ ਬਣਾ ਅਤੇ ਪ੍ਰਦਰਸ਼ਨ ਕਰ ਸਕਣ। ਸਮੂਹ ਕਲਾ-ਅਧਿਆਪਕਾਂ ਨੇ ਪੰਜਵੀਂ ਜਮਾਤ ਤੱਕ ਚਿਤਰ ਕਲਾ ਸਬੰਧੀ ਇੱਕ ਕਿਤਾਬ ਵੀ ਸਿਲੇਬਸ ਵਿੱਚ ਲਵਾਉਣ ਦੀ ਮੰਗ ਰੱਖੀ ਤਾਂ ਜੋ ਬੱਚੇ ਛੋਟੀ ਉਮਰ ਤੋਂ ਹੀ ਚਿੱਤਰ ਕਲਾ ਵਰਗੀ ਸੂਖ਼ਮ ਵੰਨਗੀ ਨਾਲ ਜੁੜ ਸਕਣ। ਸਮਾਗਮ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਚਿੱਤਰਕਾਰ ਬਾਜ ਸਿੰਘ ਮਲੋਟ, ਸਤਨਾਮ ਸਿੰਘ ਮੋਗਾ, ਅਵਤੰਸ਼ ਸਿੰਘ, ਸਾਹਿਬ ਸਿੰਘ, ਡਿਪਟੀ ਸਿੰਘ, ਸ਼ਿੰਦਰਪਾਲ ਸਿੰਘ, ਰਾਜਿੰਦਰ ਸਿੰਘ ਭਾਗੀਕੇ, ਪਰਮਿੰਦਰ ਟੋਨੀ, ਦਵਿੰਦਰ ਸਿੰਘ, ਮਨਤਾਜ ਸਿੰਘ, ਵਿਜੇ ਕੁਮਾਰ, ਮਨਦੀਪ ਕੈਂਥ, ਰਜਿੰਦਰ ਡਿੰਪਾ, ਰਾਜਕੁਮਾਰੀ ਅਸ਼ਕਪ੍ਰੀਤ ਕੌਰ, ਕੁਲਦੀਪ ਸਿੰਘ, ਕੁਲਦੀਪ ਮਾਣੂਕੇ, ਗੁਰਬਚਨ ਭੁੱਲਰ, ਸਾਹਿਬ ਸਿੰਘ, ਦੇਬਨਾਥ, ਸੁਖਦੇਵ ਦੁਸਾਂਝ, ਹਰਵਿੰਦਰ ਕੌਰ, ਬਲਜੀਤ ਗਰੇਵਰ, ਸਤਵੀਰ ਕੌਰ, ਇਕਬਾਲ ਕਲਸੀ, ਸੱਤਪਾਲ ਕੌਰ, ਅਨੂਬਾਲਾ, ਜਸਪ੍ਰੀਤ ਕੌਰ, ਜਪਨੀਤ ਕੌਰ, ਗੁਰਵੀਰ ਸਿੰਘ ਆਦਿ ਆਰਟਿਸਟਾਂ ਨੇ ਵੀ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਅਤੇ ਵਿਚਾਰ-ਵਟਾਂਦਰੇ ਵਿੱਚ ਭਾਗ ਲਿਆ।

## ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਵੱਲੋਂ "ਨੋ-ਬੈਗ ਡੇ" ਮਨਾਇਆ ਗਿਆ

### ਸਕੂਲ ਬੈਗ ਵਿਦਿਆਰਥੀ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦੈ : ਪ੍ਰਿੰਸੀਪਲ ਧਵਨ ਕੁਮਾਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 30 ਅਪ੍ਰੈਲ : ਸਕੂਲ ਬੈਗ ਵਿਦਿਆਰਥੀ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ, ਅਧਿਆਪਕ ਤੋਂ ਬਾਅਦ ਕਿਤਾਬਾਂ ਨਾਲ ਭਰਿਆ ਬੈਗ ਹੀ ਬੱਚੇ ਲਈ ਗਿਆਨ ਦਾ ਭੰਡਾਰ ਹੁੰਦਾ ਹੈ ਪਰ ਅਜੋਕੇ ਸਮੇਂ ਵਿੱਚ ਵਿਦਿਆਰਥੀ ਜੀਵਨ ਵਿੱਚ ਵੱਧ ਰਹੇ ਤਣਾਅ ਨੂੰ ਧਿਆਨ ਵਿੱਚ ਰੱਖਦੇ ਹੋਏ ਅਪ੍ਰੈਲ ਮਹੀਨੇ ਦੇ ਅੰਤਲੇ ਸ਼ਨੀਵਾਰ ਨੂੰ ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਵੱਲੋਂ "ਨੋ-ਬੈਗ ਡੇ" ਨਿਰਧਾਰਿਤ ਕੀਤਾ ਗਿਆ। ਬੈਗ-ਰਹਿਤ ਦਿਨ ਉਹ ਦਿਨ ਹੁੰਦਾ ਹੈ ਜਦੋਂ ਵਿਦਿਆਰਥੀਆਂ ਨੂੰ ਆਪਣੇ ਭਾਰੀ ਬੈਗ ਸਕੂਲ ਲਿਜਾਣ ਦੀ ਲੋੜ ਨਹੀਂ ਹੁੰਦੀ, ਇਸ ਦੀ ਬਜਾਏ ਉਹ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਿਲ ਹੁੰਦੇ ਹਨ ਜੋ ਉਹਨਾਂ ਦੇ ਪਾਠਕ੍ਰਮ ਨਾਲ ਸਬੰਧਤ ਹਨ ਪਰ ਉਹਨਾਂ ਨੂੰ ਪਾਠ ਪੁਸਤਕਾਂ ਅਤੇ ਕਾਪੀਆਂ ਦੀ ਲੋੜ ਨਹੀਂ ਹੁੰਦੀ, ਇਹ ਪਹਿਲਕਦਮੀ ਵਿਦਿਆਰਥੀਆਂ ਅੰਦਰ ਵਿਲੱਖਣ ਅਤੇ ਭਰਪੂਰ ਵਿੱਦਿਅਕ ਅਨੁਭਵ ਪ੍ਰਦਾਨ ਕਰਨ ਲਈ ਨਿਰਧਾਰਿਤ ਕੀਤੀ ਗਈ ਤਾਂ ਜੋ ਵਿਦਿਆਰਥੀਆਂ ਨੂੰ ਪ੍ਰੋਜੈਕਟ ਅਤੇ ਹੁਨਰ ਆਧਾਰਤ ਸਿਖਲਾਈ ਵਿੱਚ ਨਿਪੁੰਨ ਕੀਤਾ ਜਾ ਸਕੇ। ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਧਵਨ ਕੁਮਾਰ ਦੀ ਅਗਵਾਈ ਹੇਠ ਸਕੂਲ ਟੀਮ ਨੇ ਵੱਖੋ-ਵੱਖਰੀਆਂ ਜਮਾਤਾਂ ਦੇ





ਵਿਦਿਆਰਥੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਨਿਰਧਾਰਿਤ ਕੀਤਾ ਅਤੇ ਇਹ ਸਾਰੀਆਂ ਗਤੀਵਿਧੀਆਂ ਅਪ੍ਰੈਲ ਮਹੀਨੇ ਦੇ ਵਿਸ਼ੇ ਅਰਥ ਡੇ ਨਾਲ ਸਬੰਧਤ ਰੱਖੀਆਂ ਗਈਆਂ, ਜਿਸ ਵਿੱਚ ਪ੍ਰੀ-ਪ੍ਰਾਇਮਰੀ ਬੱਚਿਆਂ ਨੂੰ ਅਧਿਆਪਕਾਂ ਵੱਲੋਂ ਫਲਾਵਰ ਅਤੇ ਲੀਫ ਪ੍ਰਿੰਟਿੰਗ ਗਤੀਵਿਧੀਆਂ ਕਰਵਾਈਆਂ ਗਈਆਂ। ਜਮਾਤ ਪਹਿਲੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਦੁਆਰਾ ਪ੍ਰਦੂਸ਼ਣ ਸਮੱਸਿਆਵਾਂ ਦੇ ਹੱਲ ਲੱਭਣ ਬਾਰੇ ਕਈ ਰਚਨਾਤਮਕ ਟ੍ਰਿਕਸ ਦੱਸੇ ਗਏ। ਸੈਕੰਡਰੀ ਜਮਾਤਾਂ ਦੇ ਵਿਦਿਆਰਥੀਆਂ ਨੇ ਪੌਦੇ ਲਾਉਣ, ਸਲੋਗਨ ਰਾਈਟਿੰਗ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਤੇ ਆਪਣੇ ਹੁਨਰ ਨੂੰ ਤਰਾਸ਼ਦੇ ਹੋਏ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਜਿੱਥੇ ਨੋ ਬੈਗ ਵਿਦਿਆਰਥੀਆਂ ਅੰਦਰ ਕਲਾ ਨੂੰ ਨਿਖਾਰਨ ਸਿਰਜਨਾਤਮਕ ਸੋਚ ਨਿਪੁੰਨਤਾ ਅਤੇ ਆਲੋਚਨਾਤਮਕ ਸੋਚ ਦੇ ਹੁਨਰ ਨੂੰ ਉਤਸ਼ਾਹਿਤ ਕਰਨ ਵਿੱਚ ਸਫ਼ਲ ਰਿਹਾ, ਉੱਥੇ ਹੀ ਮਾਪਿਆਂ ਅੰਦਰ ਇਹਨਾਂ ਗਤੀਵਿਧੀਆਂ ਨੂੰ ਲੈ ਕੇ ਖੁਸ਼ੀ ਅਤੇ ਉਤਸ਼ਾਹ ਦੇਖਿਆ ਗਿਆ। ਇਸ ਸ਼ਲਾਘਾਯੋਗ ਗਤੀਵਿਧੀਆਂ ਦੀ ਉਸਤਤ ਕਰਦਿਆਂ ਮਾਪਿਆਂ ਨੇ ਡਾਇਰੈਕਟਰ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦਾ ਸੰਪੂਰਨ ਸਹਿਯੋਗ ਕੀਤਾ, ਨਾਲ ਹੀ ਨਾਲ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਨਿਪੁੰਨਤਾ ਭਰਪੂਰ ਗਤੀਵਿਧੀਆਂ ਕਰਨ ਦਾ ਸਮਰਥਨ ਵੀ ਕੀਤਾ।

## ਓ.ਟੀ.ਟੀ ਪਲੇਟਫ਼ਾਰਮ ਤੇ ਰਿਲੀਜ਼ ਹੋਣ ਜਾ ਰਹੀ , ਦੁਨੀਆਂ ਭਰ 'ਚ ਪੰਜਾਬੀ ਵੈੱਬ ਸੀਰੀਜ਼ "ਪੁੱਤਾਂ ਦੇ ਵਪਾਰੀ":- ਡਾਇਰੈਕਟਰ ਭਗਵੰਤ ਕੰਗ






ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਸੂਖਮ ਸੋਚ ਦੇ ਮਾਲਕ ਚਰਚਿਤ ਡਾਇਰੈਕਟਰ ਤੇ ਫਿਲਮ ਰਚੇਤਾ ਭਗਵੰਤ ਕੰਗ ਜੀ , ਸਮਾਜ ਦੇ ਪਹਿਰੇਦਾਰ ਬਣ ਸਮਾਜਿਕ ਕੁਰੀਤੀਆਂ ਨੂੰ ਉਜਾਗਰ ਕਰਦੀਆਂ ਕਹਾਣੀਆਂ ਦੀ ਕੜੀ ਵਿੱਚ 'ਜੇ. ਐਸ. ਮੋਸ਼ਨ ਪਿਕਚਰਜ਼ ਲਿਮਟਿਡ' ਅਤੇ 'ਫ਼ਿਲਮੀ ਅਦਾ' ਦੇ ਬੈਨਰ ਹੇਠ 'ਭਗਵੰਤ ਸਿੰਘ ਕੰਗ' ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ,ਅਗਲੀ ਵੈੱਬ ਸੀਰੀਜ਼ "ਪੁੱਤਾਂ ਦੇ ਵਪਾਰੀ" ਦੇ ਸਾਰੇ ਤਕਨੀਕੀ ਕੰਮ ਪੂਰੇ ਹੋ ਚੁੱਕੇ ਹਨ ਅਤੇ ਇਹ ਬਹੁਤ ਜਲਦੀ ਕਿਸੇ ਵੱਡੇ ਓ.ਟੀ.ਟੀ. ਪਲੇਟਫ਼ਾਰਮ 'ਤੇ ਰਿਲੀਜ਼ ਹੋਣ ਜਾ ਰਹੀ ਹੈ। ਨੌਂ ਐਪੀਸੋਡ ਦੀ ਇਹ ਪੰਜਾਬੀ ਵੈੱਬ ਸੀਰੀਜ਼ ਫੈਮਲੀ ਡਰਾਮੇ ਦੀ ਦੁਨੀਆਂ ਵਿੱਚ ਇੱਕ ਮੀਲ ਪੱਥਰ ਸਾਬਤ ਹੋਣ ਜਾ ਰਹੀ ਹੈ,

ਇਸ ਵਿੱਚ ਫਿਲਮ ਇੰਡਸਟਰੀ ਅਤੇ ਥੀਏਟਰ ਨਾਲ ਜੁੜੇ ਚੋਟੀ ਦੇ ਕਲਾਕਾਰਾਂ ਨੇ ਕੰਮ ਕੀਤਾ ਹੈ। ਪ੍ਰਭਜੋਤ ਰੰਧਾਵਾ, ਜੈਸਮੀਨ ਬਰਨਾਲਾ, ਗੁਰਹਰਪ੍ਰੀਤ ਕੌਰ, ਐਂਜਲੀਨਾ ਰਾਜਪੂਤ, ਟਵਿੰਕਲ ਭੱਟੀ, ਕੁਲਵਿੰਦਰ ਕਸ਼ਯਪ, ਹਰਮੀਤ ਜੱਸੀ, ਕੁਲਦੀਪ ਸੰਧੂ, ਦਲਜੀਤ ਕੌਰ, ਸੁਰਿੰਦਰ ਕੌਰ ਤੋਂ ਇਲਾਵਾ ਬਾਲ ਕਲਾਕਾਰ ਸਨੇਹਾ ਨੇ ਬਹੁਤ ਭਾਵਪੂਰਤ ਔਰਤਾਂ ਦੇ ਕਿਰਦਾਰ ਨਿਭਾਏ ਹਨ। ਚੋਟੀ ਦੀਆਂ ਪੰਜਾਬੀ ਫ਼ੀਚਰ ਫ਼ਿਲਮਾਂ ਵਿੱਚ ਕੰਮ ਕਰ ਚੁੱਕੇ ਕਲਾਕਾਰ ਧੀਰਾ ਮਾਨ, ਤਰਸਿੰਦਰ ਥਿੰਦ, ਜੱਸ ਬੋਪਾਰਾਏ, ਭੁਪਿੰਦਰਜੀਤ ਅਤੇ ਸੋਨੂੰ ਕੇਲੋਂ ਤੋਂ ਇਲਾਵਾ ਇਸ ਵੈੱਬ ਸੀਰੀਜ਼ ਵਿੱਚ ਮਾਡਲਿੰਗ ਦੀ ਦੁਨੀਆਂ ਵਿੱਚ ਚੰਗਾ ਨਾਮਣਾ ਖੱਟ ਚੁੱਕੇ 'ਰਾਣਾ ਸਿੰਘ ਦਰਾਜ' ਨੇ ਮੁੱਖ ਭੂਮਿਕਾ ਨਿਭਾਈ ਹੈ। ਦਾਜ ਅਤੇ ਘਰੇਲੂ ਹਿੰਸਾ ਜਿਹੀਆਂ ਸਮਾਜਿਕ ਕੁਰੀਤੀਆਂ ਨੂੰ ਉਜਾਗਰ ਕਰਦੀ, ਇਹ ਵੈੱਬ ਸੀਰੀਜ਼ ਸਾਨੂੰ ਪੈਰ ਪੈਰ 'ਤੇ ਸਮਾਜ ਨੂੰ ਬਦਲਣ ਦਾ ਸੁਨੇਹਾ ਦਿੰਦੀ ਹੈ।

ਵੈੱਬ ਸੀਰੀਜ਼ ਵਿੱਚ ਭਗਵੰਤ ਕੰਗ ਜੀ ਦੁਆਰਾ ਲਿਖੇ ਦੋ ਗੀਤ ਵੀ ਪਾਏ ਗਏ ਹਨ, ਜਿਨ੍ਹਾਂ ਨੂੰ ਲੋਕ ਗਾਇਕ ਮਹਿੰਦਰ ਮੀਤ ਅਤੇ ਪਰਵੇਜ਼ ਮਾਨ ਜੀ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਕੀਤਾ ਗਿਆ ਹੈ।

ਜਸਬੀਰ ਰਿਸ਼ੀ ਅਤੇ ਸੱਤਿਆ ਸਿੰਘ ਦੁਆਰਾ ਨਿਰਮਿਤ, ਇਸ ਵੈੱਬ ਸੀਰੀਜ਼ ਲਈ ਐਗਜ਼ੀਕਿਊਟਿਵ ਨਿਰਮਾਤਾ ਦੀ ਭੂਮਿਕਾ 'ਪਰਮਜੀਤ ਸਿੰਘ ਨਾਗਰਾ' ਨੇ ਨਿਭਾਈ ਹੈ। ਪ੍ਰੋਜੈਕਟ ਮੈਨੇਜਰ 'ਹਰਦੀਪ ਸਿੰਘ' ਦੇ ਨਾਲ ਫ਼ਿਲਮੀ ਅਦਾ ਦੀ ਸਮੁੱਚੀ ਟੀਮ ਨੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਵਿੱਚ ਦਿਨ ਰਾਤ ਇੱਕ ਕਰ ਦਿੱਤਾ ਹੈ। ਉਹਨਾਂ ਦੀ ਇਹ ਮਿਹਨਤ ਤੁਹਾਨੂੰ ਜਲਦ ਹੀ ਪੰਜਾਬੀ ਦੇ ਨਾਮਵਰ ਓ ਟੀ ਟੀ ਪਲੇਟਫ਼ਾਰਮ 'ਤੇ ਦੇਖਣ ਨੂੰ ਮਿਲੇਗੀ ਦੁਆਵਾਂ।ਆਮੀਨ

## ਭਾਈ ਗੁਰਦਾਸ ਜੀ ਵਾਰ10 ਵੀ ਪੋੜੀ ਦੂਜੀ****



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਮੈਂ ਹਰਨਾਖਸ਼ ਦੇ ਘਰ ਵਿਚ ਕੰਵਲ ਵਰਗਾ ਪ੍ਰਹਿਲਾਦ ਭਗਤ ਜਨਮਿਆਂ।
ਹਰਨਾਖਸ਼ ਨੇ ਉਸ ਨੂੰ ਪਾਠਸ਼ਾਲਾ ਵਿਚ ਪੜ੍ਹਨ ਲਈ ਭੇਜ ਦਿੱਤਾ ਤੇ ਪਾਂਧੇ ਦਾ ਚਿਤ ਪ੍ਰਸੰਨ ਹੋਇਆ। ਕਿਉਂਕਿ ਰਾਜ ਪੁਤਰ ਉਸ ਦਾ ਸ਼ਾਗਿਰਦ ਬਣਿਆ ਸੀ।
ਪ੍ਰਹਿਲਾਦ ਆਪਣੇ ਮਨ ਵਿਚ ਰਾਮ ਨਾਮ ਦਾ ਸਿਮਰਨ ਸੀ ਤੇ ਮੁਖੋਂ ਗਾਂਵਦਾ ਸੀ ਅਨਾਹਦ ਨਾਦ ਹੋ ਗਏ ਹੋਏ ਸ਼ਬਦ ਨੂੰ ਜਦੋਂ ਗੁਰੂ ਸ਼ਬਦ ਅਨਹਦ ਸ਼ਬਦ ਜਾਂ ਅਨਹਦ ਨਾਦ ਹੋ ਜਾਂਦਾ ਹੈਂ ਤਾਂ ਸਮਝੋਂ ਇਹ ਸ਼ਬਦ ਅੰਦਰ ਦੀ ਡੂੰਘਾਈ ਅਰਥਾਤ ਪਰਾਂ ਤਕ ਅੜਿਆ ਹੋਇਆ ਹੈ।
ਜਿਵੇਂ ਨਾਮ ਚੰਗੀ ਤਰ੍ਹਾਂ ਅੰਦਰ ਵਸ ਕੇ ਨਿਰੰਜਨ ਨਾਮ ਹੋ ਜਾਂਦਾ ਹੈ।
ਸਾਰੇ ਹੀ ਚਾਟੜੇ ਸ਼ਾਗਿਰਦ ਰਾਮ ਜੀ ਦੀ ਭਗਤੀ ਵਿਚ ਲੱਗੇ।
ਜਿਸ ਕਾਰਨ ਪਾਂਧਾ ਬਹੁਤ ਹੈਰਾਨ ਹੋਇਆ।
ਫਿਰ ਪਾਂਧਾ ਰਾਜੇ ਪਾਸ ਜਾ ਕੇ ਰੋ ਆਇਆ ਤੇ ਦੋਖੀ ਦੈਂਤ ਨੇ ਝਗੜਾ ਹੋਰ ਵਧਾ ਦਿੱਤਾ ਕਿ ਕਿਉਂ ਕਿਉਂ ਹੋ ਰਿਹਾ ਹੈ।
ਪ੍ਰਹਿਲਾਦ ਨੂੰ ਜਲ ਅਤੇ ਅਗਨੀ ਵਿਚ ਵੀ ਸੁਟਿਆ ਗਿਆ ਪਰ ਗੁਰੂ ਦੀ ਕ੍ਰਿਪਾ ਨਾਲ ਨਾ ਉਹ ਡੁੱਬਾ ਤੇ ਨਾ ਸੜਿਆ।
ਅੰਤ ਨੂੰ ਤਲਵਾਰ ਕੱਢ ਕੇ ਰਾਜਾ ਪੁੱਛਣ ਲੱਗਾ ਕਿ ਦੱਸ ਤੇਰਾ ਕਉਣ ਉਸਤਾਦ ਗੁਰੂ ਹੈ

ਅਨਾਦੀ ਪ੍ਰਮਾਤਮਾ ਨੇ ਨਰਸਿੰਘ ਦਾ ਸੁੰਦਰ ਰੂਪ ਧਾਰਿਆ ਤੇ ਥੰਮ੍ਹ ਪਾੜ ਕੇ ਪ੍ਰਗਟ ਹੋਇਆ।
ਉਸ ਆਦਿ ਜੁਗਾਦਿ ਸੰਤਾਂ ਦੀ ਸਹਾਇਤਾ ਕਰਨ ਵਾਲੇ ਨੇ ਬੇਮੁੱਖ ਦੈਂਤ ਨੂੰ ਪਕੜ ਕੇ ਨਸ਼ਟ ਕਰ ਦਿੱਤਾ।
ਬ੍ਰਹਮਾਂ ਆਦਿਕ ਦੇਵਤੇ ਇਸ ਘਟਨਾ ਨੂੰ ਵੇਖ ਕੇ ਜੈ ਜੈਕਾਰ ਕਰਨ ਲੱਗ ਪਏ।
ਇੱਥੇ ਸਾਫ਼ ਤੌਰ ਤੇ ਪ੍ਰਚਲਤ ਕਹਾਣੀਆਂ ਦੀ ਵਰਤੋਂ ਕਰਕੇ ਭਾਈ ਗੁਰਦਾਸ ਜੀ ਸੱਚੇ ਭਗਤਾਂ ਦੀ ਦ੍ਰਿੜ੍ਹਤਾ ਵਿਖਾਲ ਰਹੇ ਹਨ।

## ਇਤਰਾਜ਼/ ਮਿੰਨੀ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਪਿਤਾ ਦਿਵਸ ਵਾਲੇ ਦਿਨ ਮੈਂ ਇਕ ਕਵਿਤਾ 'ਮੇਰੇ ਪਿਤਾ' ਲਿਖ ਕੇ ਫੇਸ ਬੁੱਕ ਤੇ ਪੋਸਟ ਕਰ ਦਿੱਤੀ। ਘੰਟੇ ਪਿੱਛੋਂ ਮੇਰੀ ਪਤਨੀ ਦੇ ਚਾਚੇ ਦੇ ਮੁੰਡੇ ਮੁਨੀਸ਼ ਦਾ ਫੋਨ ਆ ਗਿਆ।ਆਖਣ ਲੱਗਾ," ਜੀਜਾ ਜੀ, ਤੁਹਾਡੀ ਕਵਿਤਾ ਮੈਨੂੰ ਬਹੁਤ ਵਧੀਆ ਲੱਗੀ ਪਰ ਮੈਨੂੰ ਇਕ ਇਤਰਾਜ ਆ।"
" ਕੀ ਇਤਰਾਜ਼ ਆ?" ਮੈਂ ਉਤਸੁਕਤਾ ਨਾਲ ਪੁੱਛਿਆ।
" ਤੁਸੀਂ ਆਪਣੀ ਕਵਿਤਾ ਵਿੱਚ ਪਿਤਾ ਲਈ ਤੂੰ ਸ਼ਬਦ ਦੀ ਵਰਤੋਂ ਕੀਤੀ ਆ ਜੋ ਕਿ ਠੀਕ ਨਹੀਂ। ਤੁਹਾਨੂੰ ਆਪਣੇ ਪਿਤਾ ਲਈ ਤੁਸੀਂ ਸ਼ਬਦ ਦੀ ਵਰਤੋਂ ਕਰਨੀ ਚਾਹੀਦੀ ਸੀ।"
" ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਮਾਤਮਾ ਨੂੰ ਗੁਰੂਆਂ ਨੇ ਵੀ ਤੂੰ ਸ਼ਬਦ ਨਾਲ ਵਾਰ, ਵਾਰ ਪੁਕਾਰਿਆ ਆ। ਫੇਰ ਪਿਤਾ ਲਈ ਤੂੰ ਸ਼ਬਦ ਦੀ ਵਰਤੋਂ ਕਰਨੀ ਠੀਕ ਕਿਉਂ ਨਹੀਂ?"
"ਪਰ ਮੈਂ ਤਾਂ ਆਪਣੇ ਪਿਤਾ ਨੂੰ ਹਮੇਸ਼ਾ ਤੁਸੀਂ ਕਹਿ ਕੇ ਬੁਲਾਂਦਾ ਆਂ।"
" ਤੁਸੀਂ ਆਪਣੇ ਪਿਤਾ ਨੂੰ ਤੁਸੀਂ ਕਹਿ ਕੇ ਜ਼ਰੂਰ ਬੁਲਾਂਦੇ ਹੋ ਪਰ ਉਹ ਤੁਹਾਨੂੰ ਕਈ ਸਾਲਾਂ ਤੋਂ ਹੱਦੋਂ ਵੱਧ ਸ਼ਰਾਬ ਪੀਣ ਤੋਂ ਰੋਕ ਰਹੇ ਆ। ਤੁਸੀਂ ਹਾਲੇ ਤੱਕ ਉਨ੍ਹਾਂ ਦਾ ਕਹਿਣਾ ਨਹੀਂ ਮੰਨਿਆ। ਫੇਰ ਉਨ੍ਹਾਂ ਨੂੰ ਤੁਸੀਂ ਕਹਿ ਕੇ ਬੁਲਾਣ ਦਾ ਕੀ ਫਾਇਦਾ? ਤੁਸੀਂ
ਆਪਣੇ ਸਾਰੇ ਪਰਿਵਾਰ ਦੀ ਜ਼ਿੰਦਗੀ ਨਰਕ ਬਣਾ ਛੱਡੀ ਆ। ਇਕ ਦਿਨ ਇਸ ਸ਼ਰਾਬ ਨੇ ਤੁਹਾਨੂੰ ਲੈ ਬਹਿਣਾ।" ਏਨਾ ਸੁਣਦੇ ਸਾਰ ਮੁਨੀਸ਼ ਨੇ ਫੋਨ ਕੱਟ ਦਿੱਤਾ।

## ਬੇਗਾਨੇ ਵੀ ਤਾਂ ਨਹੀਂ ਉਹ

ਮੇਰੇ ਅਰਮਾਨਾਂ ਦੀ ਕਿਆਰੀ
ਭਾਂਵੇ ਅੱਜ ਉਜਾੜ ਗਏ ਨੇ ਉਹ।

ਬਣਾਈ ਸੀ ਘਾਹ ਫੂਸ ਦੀ ਕੁੱਲੀ
ਉਹ ਵੀ ਸਾੜ ਗਏ ਨੇ ਉਹ।

ਠੰਡ ਦਾ ਕੁੱਟਿਆ ਠਰ ਰਿਹਾ
ਮਹਿਲਾਂ ਦੀ ਨੀਂਹ ਧਰ ਗਏ ਉਹ।

ਗਰੇਵਾਲ ਗੈਰਾਂ ਤੇ ਕਾਹਦਾ ਗੁੱਸਾ
ਆਪਣੇ ਵੀ ਤਾਂ ਆਪਣੇ ਨਹੀਂ ਉਹ।

ਖੁਸ਼ੀਂ ਵੱਤਰ ਉਗਦੇ ਨਹੀਂ ਬੀਜ
ਨਵੀਂ ਤੇ ਗਰਮਾਹਟ ਤੋਂ ਰਹਿਤ ਉਹ।

ਦਿਲ ਦੀ ਨਿਆਈਂ ਵੀ ਬੰਜਰ ਹੋਈ
ਗਰੇਵਾਲ ਆਪੇ ਹੀ ਸਮਝਣ ਉਹ।

ਦਸ ਰੰਜ ਕਿਸ ਨਾਲ ਕਿੱਦਾਂ ਕਰਾਂ
ਹੈ ਸੱਚੀਂ ਬੇਗਾਨੇ ਵੀ ਤਾਂ ਨਹੀਂ ਉਹ।

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ

## ਕੈਨੇਡਾ ਦੀਆਂ ਫ਼ੈਡਰਲ ਚੋਣਾ ਵਿੱਚ ਪੰਜਾਬੀਆਂ/ ਸਿੱਖਾਂ ਨੇ ਇਤਿਹਾਸ ਰਚਿਆ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਕੈਨੇਡਾ ਦੀਆਂ ਸੰਘੀ ਚੋਣਾਂ ਵਿੱਚ ਪੰਜਾਬੀਆਂ/ਸਿੱਖਾਂ ਨੇ ਇਤਿਹਾਸ ਰਚ ਦਿੱਤਾ ਹੈ। ਕੈਨੇਡਾ ਦੀ ਸੰਘੀ ਸਿਆਸਤ ਵਿੱਚ ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਨੇ ਦੁਬਾਰਾ ਮੱਲਾਂ ਮਾਰੀਆਂ ਹਨ। ਪਿਛਲੀ ਵਾਰ 2021 ਵਿੱਚ ਹੋਈਆਂ ਫੈਡਰਲ ਚੋਣਾਂ ਵਿੱਚ 45 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਸਨ 18 ਪੰਜਾਬੀਆਂ/ਸਿੱਖਾਂ ਨੇ ਸੰਸਦੀ ਚੋਣਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਭਾਰਤੀ ਮੂਲ ਦੇ 66 ਉਮੀਦਵਾਰ ਚੋਣ ਲੜੇ ਸਨ, ਜਿਨ੍ਹਾਂ ਵਿੱਚ ਕਰਮਵਾਰ ਲਿਬਰਲ ਪਾਰਟੀ ਦੇ 17, ਕੰਜ਼ਰਵੇਟਿਵ 28, ਨਿਊ ਡੈਮੋਕਰੈਟਿਕ ਪਾਰਟੀ 10, ਗਰੀਨ ਪਾਰਟੀ 8 ਅਤੇ ਦੋ ਆਜ਼ਾਦ ਸਨ। ਇਨ੍ਹਾਂ ਵਿੱਚ 16 ਦਸਤਾਰਧਾਰੀ ਉਮੀਦਵਾਰ ਸ਼ਾਮਲ ਹਨ। 16 ਦਸਤਾਰਧਾਰੀਆਂ ਵਿੱਚੋਂ 10 ਉਮੀਦਵਾਰ ਪਹਿਲੀ ਵਾਰ ਚੋਣ ਲੜੇ ਹਨ। 10 ਦਸਤਾਰਧਾਰੀ ਚੋਣ ਜਿੱਤ ਗਏ ਹਨ। ਭਾਰਤੀ ਮੂਲ ਦੇ 28 ਪੰਜਾਬੀਆਂ/ਸਿੱਖਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 22 ਚੋਣ ਜਿੱਤ ਗਏ ਹਨ, ਪਿਛਲੇ ਅੱਠ ਸਾਲਾਂ 'ਚ ਪੰਜਾਬੀ ਉਮੀਦਵਾਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ। ਜਿਹੜੇ ਪੰਜਾਬੀ/ਸਿੱਖ ਚੋਣ ਜਿੱਤੇ ਹਨ ਉਨ੍ਹਾਂ ਵਿੱਚ ਲਿਬਰਲ 12 ਅਤੇ ਕੰਜ਼ਰਵੇਟਿਵ ਪਾਰਟੀ ਦੇ 10 ਉਮੀਦਵਾਰ ਸ਼ਾਮਲ ਹਨ। ਇਨ੍ਹਾਂ ਵਿੱਚ 6 ਇਸਤਰੀਆਂ ਸ਼ਾਮਲ ਹਨ। ਇਸੇ ਤਰ੍ਹਾਂ ਗਿੱਲ ਗੋਤ ਦੇ 6 ਸੰਸਦ ਬਣੇ ਹਨ ਤੇ ਉਹ ਸਾਰੇ ਕੰਜ਼ਰਵੇਟਿਵ ਪਾਰਟੀ ਦੇ ਹਨ। ਲਿਬਰਲ ਪਾਰਟੀ ਦੇ ਅਨੀਤਾ ਆਨੰਦ, ਰੂਬੀ ਸਹੋਤਾ, ਬਰਦਿਸ਼ ਚੱਗਰ , ਅੰਜੂ ਢਿਲੋਂ, ਸੁੱਖ ਧਾਲੀਵਾਲ, ਇਕਵਿੰਦਰ ਸਿੰਘ ਗਹੀਰ, ਰਣਦੀਪ ਸਿੰਘ ਸਰਾਏ, ਗੁਰਬਖ਼ਸ਼ ਸਿੰਘ ਸੈਣੀ, ਪਰਮ ਬੈਂਸ, ਮਨਿੰਦਰ ਸਿੰਘ ਸਿੱਧੂ, ਅਮਨਦੀਪ ਸਿੰਘ ਸੋਢੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਟਿੱਮ ਉਪਲ, ਜਸਰਾਜ ਸਿੰਘ ਹੱਲਣ, ਜਗਸ਼ਰਨ ਸਿੰਘ ਮਾਹਲ, ਅਮਨਪ੍ਰੀਤ ਸਿੰਘ ਗਿੱਲ, ਸੁਖਮਨ ਸਿੰਘ ਗਿੱਲ, ਜੈਸੀ ਸਹੋਤਾ, ਦਲਵਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਗਿੱਲ, ਅਰਪਨ ਖੰਨਾ, ਪਰਮ ਗਿੱਲ, ਹਰਬ ਗਿੱਲ, ਸੁਖਦੀਪ ਕੰਗ ਅਤੇ ਰੂਬੀ ਸਹੋਤਾ ਸ਼ਾਮਲ ਹਨ। 2019 'ਚ 47 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਅਤੇ 22 ਚੋਣ ਜਿੱਤੇ ਸਨ। ਕੈਨੇਡਾ ਦੀ ਦੱਖਣੀ ਏਸ਼ੀਆਈ ਆਬਾਦੀ ਦਾ ਇੱਕ ਮਹੱਤਵਪੂਰਨ ਹਿੱਸਾ ਪੰਜਾਬੀ, ਰਾਸ਼ਟਰੀ ਨੀਤੀ ਵਿੱਚ ਤੇਜ਼ੀ ਨਾਲ ਭੂਮਿਕਾ 'ਚ ਆ ਰਹੇ ਹਨ। ਉਂਟਾਰੀਓ, ਬ੍ਰਿਟਿਸ਼ ਕੋਲੰਬੀਆ, ਅਲਬਰਟਾ ਤੇ ਮੈਨੀਟਿਬਾ ਦੇ ਚੋਣ ਹਲਕਿਆਂ 'ਚ ਪੰਜਾਬੀ ਮੂਲ ਦੇ ਉਮੀਦਵਾਰ ਸਾਰੀਆਂ ਮੁੱਖ ਸੰਘੀ ਪਾਰਟੀਆਂ ਲਿਬਰਲ, ਕੰਜਰਵੇਟਿਵ, ਨਿਊ ਡੈਮੋਕਰੈਟਿਕ ਤੇ ਗਰੀਨ ਪਾਰਟੀ ਦੀ ਨੁਮਾਇੰਦਗੀ ਕਰ ਰਹੇ ਹਨ। ਵੱਡੀ ਗਿਣਤੀ ਵਿੱਚ ਪੰਜਾਬੀ ਮੂਲ ਦੇ ਉਮੀਦਵਾਰ ਆਜ਼ਾਦ ਵੀ ਚੋਣ ਲੜੇ ਹਨ। 16 ਸੀਟਾਂ ਤੇ ਪੰਜਾਬੀ ਉਮੀਦਵਾਰ ਪੰਜਾਬੀਆਂ ਦੇ ਵਿਰੁੱਧ ਚੋਣ ਲੜੇ ਹਨ।

ਲਿਬਰਲ ਪਾਰਟੀ ਨੂੰ 169, ਕੰਜ਼ਰਵੇਟਿਵ ਪਾਰਟੀ ਨੂੰ 144, ਬਲਾਕ ਕਿਊਬਕ ਨੂੰ 22, ਐਨ ਡੀ ਪੀ ਨੂੰ 7 ਸੀਟਾਂ ਅਤੇ ਇੱਕ ਸੀਟ 'ਤੇ ਗਰੀਨ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ ਹੈ। ਲਿਬਰਲ ਪਾਰਟੀ ਨੂੰ 43, ਕੰਜ਼ਰਵੇਟਿਵ 41, ਬਲਾਕ ਕਿਊਬਕ 26 ਅਤੇ ਐਨ ਡੀ ਪੀ 7 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ। ਚੋਣ ਜਿੱਤਣ ਅਤੇ ਹਾਰਨ ਵਾਲਿਆਂ ਵਿੱਚ ਬਹੁਤ ਘੱਟ ਵੋਟਾਂ ਦਾ ਅੰਤਰ ਰਿਹਾ ਹੈ। ਕਈ ਸੀਟਾਂ 'ਤੇ ਇਹ ਅੰਤਰ 100 ਵੋਟਾਂ ਤੋਂ ਵੀ ਘੱਟ ਰਿਹਾ। ਇਸ ਲਈ ਕੁਝ ਸੀਟਾਂ 'ਤੇ ਦੁਬਾਰਾ ਗਿਣਤੀ ਹੋਵੇਗੀ। ਸੰਸਦ ਦੀਆਂ 343 ਸੀਟਾਂ 'ਤੇ ਚੋਣ ਹੋਈ ਸੀ, ਸਰਕਾਰ ਬਣਾਉਣ ਲਈ 172 ਸੀਟਾਂ ਦੀ ਜ਼ਰੂਰਤ ਹੈ। ਲਿਬਰਲ ਪਾਰਟੀ ਨੂੰ ਸਰਕਾਰ ਬਣਾਉਣ ਲਈ ਮੁੜ ਐਨ ਡੀ ਪੀ ਜਾਂ ਬਲਾਕ ਕਿਊਬਕ ਪਾਰਟੀ ਤੋਂ ਮਦਦ ਲੈਣੀ ਪਵੇਗੀ। ਕੰਜ਼ਰਵੇਟਿਵ ਪਾਰਟੀ ਦੇ ਮੁੱਖੀ ਪੀਆਰ ਪੋਲੀਵਰ ਅੱਠਵੀਂ ਵਾਰ ਕਾਰਟਨ ਹਲਕੇ ਤੋਂ ਚੋਣ ਲੜੇ ਸੀ, ਉਨ੍ਹਾਂ ਦੇ ਵਿਰੁੱਧ 90 ਉਮੀਦਵਾਰਾਂ ਨੇ ਚੋਣ ਲੜੀ ਹੈ ਪ੍ਰੰਤੂ ਪੀਆਰ ਪੋਲੀਵਰ ਚੋਣ ਹਾਰ ਗਏ ਹਨ। ਉਨ੍ਹਾਂ ਦਾ ਪ੍ਰਧਾਨ ਮੰਤਰੀ ਬਣਨ ਦਾ ਸਪਨਾ ਚਕਨਾਚੂਰ ਹੋ ਗਿਆ ਹੈ।

ਦਸਤਾਰਧਾਰੀ ਸੰਸਦ ਮੈਂਬਰ 45ਵੀਆਂ ਫ਼ੈਡਰਲ ਚੋਣਾਂ ਵਿੱਚ ਕੈਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ 16 ਦਸਤਾਰਧਾਰੀ ਪੰਜਾਬੀ/ਸਿੱਖ ਸੰਘੀ ਚੋਣ ਲੜੇ ਹਨ, ਜਿਨ੍ਹਾਂ ਵਿੱਚੋਂ ਜਿੱਤਣ ਵਾਲੇ ਟਿੱਮ ਉਪਲ ਸਾਬਕਾ ਕੇਂਦਰੀ ਮੰਤਰੀ ਐਡਮਿੰਟਨ ਗੇਟਵੇਅ ਤੋਂ ਚੋਣ ਲੜੇ ਹਨ। ਉਹ ਕੰਜਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਹਨ ਤੇ ਪਾਰਟੀ ਦੇ ਸੀਨੀਅਰ ਸਲਾਹਕਾਰ ਵੀ ਰਹੇ ਹਨ। ਉਹ ਲੁਧਿਆਣਾ ਜ਼ਿਲ੍ਹੇ ਦੇ ਬੱਸੀਆਂ ਕਸਬੇ ਦੇ ਜੰਮ ਪਲ ਹਨ। ਟਿੱਮ ਉਪਲ ਨੇ ਆਈ ਵੀ ਸਕੂਲ ਆਫ ਬਿਜਨਸ ਤੋਂ ਐਮ ਬੀ ਏ ਕੀਤੀ ਹੋਈ ਹੈ। ਉਹ ਰੈਜ਼ੀਡੈਂਸ਼ੀਅਲ ਮੌਰਟਗੇਜ਼ ਵਜੋਂ ਕੰਮ ਕਰਦੇ ਰਹੇ ਹਨ। ਜਸਰਾਜ ਸਿੰਘ ਹੱਲਣ ਕੈਲਗਰੀ ਈਸਟ, ਅਮਨਪ੍ਰੀਤ ਸਿੰਘ ਗਿੱਲ ਕੈਲਗਰੀ-ਸਕਾਈਵਿਊ, ਜਗਸ਼ਰਨ ਸਿੰਘ ਮਾਹਲ ਐਡਮਿੰਟਨ-ਸਾਊਥ ਈਸਟ, ਇੰਦਰ ਸਿੰਘ ਪੰਛੀ ਨਿਊ ਵੈਸਟ ਮਨਿਸਟਰ-ਬਰਨਬੀ ਮੇਲਰਡਵਿਲੇ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਚੋਣ ਲੜੇ ਹਨ। ਜਲੰਧਰ ਜ਼ਿਲ੍ਹੇ ਦੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ ਸਰੀ ਸੈਂਟਰ ਤੋਂ ਚੋਣ ਲੜੇ ਹਨ।

ਇਸਤਰੀਆਂ ਸੰਸਦ ਮੈਂਬਰ ਅਨੀਤਾ ਆਨੰਦ ਜੋ ਜਸਟਿਨ ਟਰੂਡੋ ਅਤੇ ਮਾਰਕ ਕਾਰਨੀ ਪ੍ਰਧਾਨ ਮੰਤਰੀਆਂ ਦੀਆਂ ਸਰਕਾਰਾਂ ਵਿੱਚ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਰਹੇ ਹਨ, ਤੀਜੀ ਵਾਰ ਓਕਵਿਲੇ ਰਾਈਡਿੰਗ ਹਲਕੇ ਤੋਂ ਚੋਣ ਲੜੇ ਹਨ। ਉਸਦਾ ਮੰਤਰੀ ਬਣਨਾ ਲਗਪਗ ਤਹਿ ਲੱਗਦਾ ਹੈ। ਬਰਦਿਸ਼ ਚੱਗਰ ਵਾਟਰਲੂ ਰਾਈਵਿੰਗ ਤੋਂ ਚੋਣ ਲੜੀ ਹੈ ਤੇ ਉਹ ਵੀ 2015 ਵਿੱਚ ਪਹਿਲੀ ਵਾਰ ਚੋਣ ਲੜੀ ਸੀ। ਸੁਖਦੀਪ ਕੌਰ ਕੰਗ, ਰੂਬੀ ਸਹੋਤਾ ਅਤੇ ਅੰਜੂ ਢਿਲੋਂ ।

ਗਿੱਲ ਗੋਤ ਦੇ ਸੰਸਦ ਮੈਂਬਰ ਦਲਵਿੰਦਰ ਸਿੰਘ ਗਿੱਲ, ਅਮਨਪ੍ਰੀਤ ਸਿੰਘ ਗਿੱਲ, ਅਮਰਜੀਤ ਸਿੰਘ ਗਿੱਲ, ਹਰਬ ਗਿੱਲ, ਪਰਮ ਗਿੱਲ ਅਤੇ ਸੁਖਮਨ ਗਿੱਲ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਿਛਲੇ 9 ਸਾਲਾਂ ਤੋਂ ਕੈਨੇਡਾ ਦੀ ਸੰਘੀ ਸਰਕਾਰ ਦੀ ਅਗਵਾਈ ਕਰਦੇ ਆ ਰਹੇ ਸਨ। 2021 ਵਿੱਚ ਨਿਊ ਡੈਮੋਕਰੈਟਿਕ ਪਾਰਟੀ ਦੀ ਬਾਹਰੋਂ ਸਪੋਰਟ ਨਾਲ ਉਨ੍ਹਾਂ ਦੀ ਸਰਕਾਰ ਬਣੀ ਸੀ। ਸਤੰਬਰ 2024 ਵਿੱਚ ਨਿਊ ਡੈਮੋਕਰੈਟਿਕ ਪਾਰਟੀ ਨੇ ਆਪਣੀ ਸਪੋਰਟ ਵਾਪਸ ਲੈ ਲਈ ਸੀ, ਜਿਸ ਕਰਕੇ ਜਸਟਿਨ ਟਰੂਡੋ ਦੀ ਸਰਕਾਰ ਘੱਟ ਗਿਣਤੀ ਵਿੱਚ ਰਹਿ ਗਈ ਸੀ। 16 ਸਤੰਬਰ ਰਾਜਨੀਤਕ ਸੰਕਟ ਹੋਰ ਗੰਭੀਰ ਹੋ ਗਿਆ ਜਦੋਂ ਟਰੂਡੋ ਸਰਕਾਰ ਦੀ ਵਿਤ ਮੰਤਰੀ ਕ੍ਰਿਸਟੀਨਾ ਫ਼ਰੀਲੈਂਡ ਨੇ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਡੈਮੋਕਰੈਟਿਕ ਪਾਰਟੀ ਦੇ 21 ਸੰਸਦ ਮੈਂਬਰਾਂ ਨੇ ਜਸਟਿਨ ਟਰੂਡੋ ਨੂੰ ਆਪਣਾ ਅਹੁਦਾ ਤਿਆਗਣ ਲਈ ਕਹਿ ਦਿੱਤਾ। 6 ਜਨਵਰੀ 2025 ਨੂੰ ਜਸਟਿਨ ਟਰੂਡੋ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਆਰਥਿਕ ਮਾਹਿਰ ਬੈਂਕ ਆਫ਼ ਕੈਨੇਡਾ ਦੇ ਸਾਬਕਾ ਗਵਰਨਰ 60 ਸਾਲਾ ਮਾਰਕ ਕਾਰਨੀ ਨੂੰ ਡੈਮੋਕਰੈਟਿਕ ਪਾਰਟੀ ਨੇ ਟਰੂਡੋ ਦੀ ਥਾਂ ਨੇਤਾ ਚੁਣ ਲਿਆ। ਮਾਰਕ ਕਾਰਨੀ ਨੇ 14 ਮਾਰਚ 2025 ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ ਸੀ। ਫਿਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 23 ਮਾਰਚ 2025 ਨੂੰ ਸੰਸਦ ਭੰਗ ਕਰਨ ਦੀ ਰਾਜਪਾਲ ਨੂੰ ਸਿਫ਼ਾਰਸ਼ ਕਰ ਦਿੱਤੀ। ਹਾਲਾਂਕਿ ਸੰਸਦ ਦੀ ਮਿਆਦ 20 ਅਕਤੂਬਰ 2025 ਤੱਕ ਸੀ। ਉਸਤੋਂ ਬਾਅਦ ਸੰਸਦ ਦੀਆਂ ਚੋਣਾਂ ਦੀ ਤਾਰੀਕ 28 ਅਪ੍ਰੈਲ 2025 ਨਿਸਚਤ ਹੋਈ। ਮਾਰਕ ਕਾਰਨੀ ਨੇ ਪਹਿਲੀ ਵਾਰ ਚੋਣ ਲੜੀ ਹੈ। ਉਸਨੇ ਓਟਾਵਾ ਦੇ ਨਿਪੀਅਨ ਹਲਕੇ ਤੋਂ ਚੋਣ ਜਿੱਤੀ ਹੈ। ਸੰਘੀ ਸੰਸਦ ਦੀਆਂ 2021 ਦੀ ਮਰਦਮਸ਼ੁਮਾਰੀ ਅਨੁਸਾਰ 343 ਸੀਟਾਂ ਦੀਆਂ 2021 ਵਿੱਚ ਹੋਈਆਂ ਚੋਣਾਂ ਵਿੱਚ 63.3 ਫ਼ੀ ਸਦੀ ਵੋਟਾਂ ਪੋਲ ਹੋਈਆਂ ਸਨ। ਲਿਬਰਲ ਪਾਰਟੀ ਨੇ 2019 ਵਿੱਚ 157, 2021 ਵਿੱਚ 160 ਸੀਟਾਂ ਜਿੱਤਕੇ 32.6 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਪੂਰਨ ਬਹੁਮਤ ਤੋਂ 10 ਸੀਟਾਂ ਘੱਟ ਸਨ। ਕੰਜਰਵੇਟਿਵ ਪਾਰਟੀ ਨੇ 2019 ਵਿੱਚ 121, 2021 ਵਿੱਚ 119 ਸੀਟਾਂ ਜਿੱਤੀਆਂ ਸਨ। ਬਲਾਕ ਕਿਊਬਕ ਪਾਰਟੀ ਨੇ 2019 ਤੇ 2021 ਵਿੱਚ ਦੋਵੇਂ ਵਾਰ 32-32 ਸੀਟਾਂ ਜਿੱਤੀਆਂ ਸਨ। ਨਿਊ ਡੈਮੋਕਰੈਟਿਕ ਪਾਰਟੀ ਨੇ 2019 ਵਿੱਚ 24, 2021 ਵਿੱਚ 25 ਸੀਟਾਂ ਜਿੱਤਕੇ 17.82 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਗਰੀਨ ਪਾਰਟੀ ਨੇ 2 ਸੀਟਾਂ ਜਿੱਤੀਆਂ ਸਨ। ਪੀਪਲਜ਼ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ ਸੀ। ਇਸ ਵਾਰ ਲਗਪਗ 1959 ਉਮੀਦਵਾਰਾਂ ਨੇ ਚੋਣ ਲੜੀ ਸੀ। 18 ਅਪ੍ਰੈਲ ਤੋਂ 21 ਅਪ੍ਰੈਲ ਤੱਕ ਚਾਰ ਦਿਨ ਐਡਵਾਂਸ ਪੋਟ੍ਲਿੰਗ ਵਿੱਚ 73 ਵੋਟਰਾਂ ਨੇ ਵੋਟ ਪਾ ਦਿੱਤੀ ਸੀ, ਜਦੋਂ ਕਿ 2021ਵਿੱਚ 58 ਲੱਖ ਵੋਟਰਾਂ ਨੇ ਐਡਵਾਂਸ ਪੋਟ੍ਲਿੰਗ ਕੀਤੀ ਸੀ। ਸਰਕਾਰ ਬਣਾਉਣ ਲਈ 172 ਸੀਟਾਂ ਦੀ ਲੋੜ ਸੀ। ਇਸ ਵਾਰ ਸਭ ਤੋਂ ਵੱਧ 69 ਫ਼ੀ ਸਦੀ ਵੋਟਰਾਂ ਨੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਹੈ।

ਚੋਣ ਹਾਰਨ ਵਾਲੇ ਪੰਜਾਬੀਆਂ ਸਿੱਖਾਂ ਚਾਰ ਮਹੱਤਵਪੂਰਨ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਵਿੱਚ ਜਗਮੀਤ ਸਿੰਘ ਐਨ ਡੀ ਪੀ ਮੁੱਖੀ ਬਰਨਬੀ ਹਲਕੇ ਤੋਂ ਲਿਬਰਲ ਪਾਰਟੀ ਦੇ ਬਾਲੀ ਮਾਰੀਆ ਤੋਂ ਬੁਰੀ ਤਰ੍ਹਾਂ ਚੋਣ ਹਾਰ ਗਏ ਹਨ, ਉਹ ਮਹਿਜ 8000 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਆਏ ਹਨ। ਉਨ੍ਹਾਂ ਨੇ ਹਾਰ ਮੰਨਦਿਆਂ ਪਾਰਟੀ ਦੇ ਮੁੱਖੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਦੂਜੇ ਅਮਰਜੀਤ ਸਿੰਘ ਸੋਹੀ ਜੋ ਪਹਿਲਾਂ ਮੰਤਰੀ ਵੀ ਰਹੇ ਹਨ ਤੇ ਇਸ ਸਮੇਂ ਐਡਮਿੰਟਨ ਦੇ ਮੇਅਰ ਹਨ, ਉਹ ਵੀ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜਗਸ਼ਰਨ ਸਿੰਘ ਮਾਹਲ ਤੋਂ ਚੋਣ ਹਾਰ ਗਏ ਹਨ। ਤੀਜੇ ਕਮਲ ਖਹਿਰਾ ਹਨ ਜਿਹੜੇ ਮੰਤਰੀ ਰਹੇ ਹਨ ਇਸ ਵਾਰ ਬਰੈਂਪਟਨ ਵੈਸਟ ਤੋਂ ਕੰਜ਼ਵੇਟਵ ਪਾਰਟੀ ਦੇ ਅਮਰਜੀਤ ਸਿੰਘ ਗਿੱਲ ਨੇ ਹਰਾਇਆ ਹੈ। ਚੌਥੇ ਬੌਬ ਦੋਸਾਂਝ ਨੂੰ ਲਿਬਰਲ ਦੇ ਮਨਿੰਦਰ ਸਿੰਘ ਸਿੱਧੂ ਨੇ ਬਰੈਂਪਟਨ ਪੂਰਬੀ ਤੋਂ ਹਰਾਇਆ ਹੈ। ਕੈਨੇਡਾ ਦੀਆਂ ਸੰਘੀ ਚੋਣਾ ਵਿੱਚ ਲਿਬਰਲ ਪਾਰਟੀ ਨੇ ਹੈਟ ਟਰਿਕ ਮਾਰਿਆ ਤੇ ਉਹ ਚੌਥੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਮਾਰਕ ਕਾਰਨੀ ਕੈਨੇਡਾ ਦੇ ਪ੍ਰਧਾਨ ਮੰਤਰੀ ਹੋਣਗੇ। ਉਹ ਆਰਥਿਕ ਮਾਹਿਰ ਹਨ, ਇਸ ਲਈ ਉਹ ਦੂਜਾ ਡਾ ਮਨਮੋਹਨ ਸਿੰਘ ਸਾਬਤ ਹੋ ਸਕਦੇ ਹਨ, ਕਿਉਂਕਿ ਕੈਨੇਡਾ ਦੀ ਆਰਥਿਕ ਹਾਲਤ ਡਾਵਾਂਡੋਲ ਚਲ ਰਹੀ ਹੈ।